# ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16 ਈ-ਮੇਲ: edusatfeedback@punjabeducation.gov.in

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2018/ਪੀ.ਈ.ਐਸ/ਟਾਈਮ-ਸ਼ਡਿਊਲ/32377
ਮਿਤੀ: .30... ਜੁਲਾਈ, 2018.

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਮਹੀਨਾ ਅਗਸਤ-2018.**

1.0 ਅਗਸਤ-2018 ਦਾ ਐਜੂਸੈਟ ਸ਼ਡਿਊਲ, ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤਾਂ ਲਈ ਸਕੂਲ ਸਿੱਖਿਆ ਵਿਭਾਗ ਲਈ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਆਪ ਨੂੰ ਭੇਜਿਆ ਜਾ ਰਿਹਾ ਹੈ (ਨੱਥੀ)। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਪ੍ਰਸਾਰਿਤ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈਣ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਇਬ੍ਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਇਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੋਨ ਰਾਹੀਂ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿੱਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 ਸਕੂਲ ਮੁੱਖੀ ਸੁਨਿਸ਼ਚਿਤ ਕਰਨਗੇ ਕਿ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲਬਧ ਕਰਵਾਈ ਹੋਈ ਹੈ ਅਤੇ ਸ਼ਡਿਊਲ ਹਰ ਰੋਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਜਾਵੇ। ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰੇਗਾ ਕਿ ਲਾਈਵ ਲੈਕਚਰ ਵਾਲੇ ਦਿਨ ਜਿਸ ਅਧਿਆਪਕ ਦੀ ਡਿਊਟੀ ਲਾਈਵ ਲੈਕਚਰ ਲਈ ਲਗਾਈ ਗਈ ਹੈ, ਸਮੇਂ ਸਿਰ ਐਜੂਸੈਟ ਦਫਤਰ ਵਿਖੇ ਹਾਜ਼ਰ ਹੋਣ। ਇਸ ਤੋਂ ਇਲਾਵਾ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਉਣ ਲਈ ਕ੍ਰਿਪਾ ਕਰਕੇ ਆਪਣੀ ਰਾਏ ਈ-ਮੇਲ edusatfeedback@punjabeducation.gov.in ਤੇ ਭੇਜੀ ਜਾਵੇ। ਫੀਡਬੈਕ ਦੇਣ ਲਈ http://goo.gl/forms/FTN8oQjnpp ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2018/ਪੀ.ਈ.ਐਸ/ਟਾਈਮ-ਸ਼ਡਿਊਲ/323 ਮਿਤੀ: 30/07/2018.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਐਮ.ਐਫ (ਏ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ